**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟਰ ਡਾਇਰੈਕਟਰ**
**ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
**ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, 5ਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ ਨਗਰ (ਮੋਹਾਲੀ), ਪੰਜਾਬ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈਬਸਾਈਟ ਰਾਹੀਂ)
ਸਮੂਹ ਸਕੂਲ ਮੁਖੀ (ਵੈਬਸਾਈਟ ਰਾਹੀਂ)

ਮੀਮੋ ਨੰ: SSA/Uniform/2023/116955 ਮਿਤੀ: 25-04-2023

**ਵਿਸ਼ਾ:- ਸਾਲ 2023-24 ਦੌਰਾਨ ਸਰਕਾਰੀ ਸਕੂਲਾਂ ਵਿੱਚ 1-8 ਜਮਾਤਾਂ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ (Girls) ਅਤੇ SC/ST/BPL ਲੜਕਿਆਂ (Boys) ਨੂੰ ਮੁਫ਼ਤ ਵਰਦੀਆਂ ਮੁਹੱਈਆ ਕਰਵਾਉਣ ਸਬੰਧੀ ਦਿਸ਼ਾ-ਨਿਰਦੇਸ਼।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਾਲ 2023-24 ਦੌਰਾਨ ਸਰਕਾਰੀ ਸਕੂਲਾਂ ਵਿੱਚ 1-8 ਜਮਾਤਾਂ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ (All Girls) ਅਤੇ SC/ST/BPL ਲੜਕਿਆਂ (Boys) ਨੂੰ ਮੁਫ਼ਤ ਵਰਦੀ ਮੁਹੱਈਆ ਕਰਵਾਈ ਜਾਣੀ ਹੈ।

3.0 ਵਰਦੀਆਂ ਲਈ ਕਵਰ ਕੀਤੇ ਜਾਣ ਵਾਲੇ ਜ਼ਿਲ੍ਹਾਵਾਰ ਵਿਦਿਆਰਥੀਆਂ ਦੀ ਗਿਣਤੀ ਅਤੇ 600 ਰੁ: ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਕੁੱਲ ਬਣਦੀ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ -:

**ਰਾਸ਼ੀ ਲੱਖਾਂ ਵਿੱਚ**

| District | All Girls | | SC Boys | | BPL Boys | | TOTAL | |
|---|---|---|---|---|---|---|---|---|
| | Physical | Financial | Physical | Financial | Physical | Financial | Physical | Financial |
| AMRITSAR | 68028 | 408.17 | 54162 | 324.97 | 17715 | 106.29 | 139905 | 839.43 |
| BARNALA | 16941 | 101.65 | 12497 | 74.98 | 1302 | 7.81 | 30740 | 184.44 |
| BATHINDA | 47170 | 283.02 | 32827 | 196.96 | 757 | 4.54 | 80754 | 484.52 |
| FARIDKOT | 21133 | 126.80 | 17398 | 104.39 | 450 | 2.70 | 38981 | 233.89 |
| FATEHGARH SAHIB | 17561 | 105.37 | 10393 | 62.36 | 1624 | 9.74 | 29578 | 177.47 |
| FAZILKA | 47018 | 282.11 | 35550 | 213.30 | 12628 | 75.77 | 95196 | 571.18 |
| FIROZPUR | 37110 | 222.66 | 34091 | 204.55 | 3034 | 18.20 | 74235 | 445.41 |
| GURDASPUR | 43918 | 263.51 | 22322 | 133.93 | 21798 | 130.79 | 88038 | 528.23 |
| HOSHIARPUR | 44996 | 269.98 | 24480 | 146.88 | 14516 | 87.10 | 83992 | 503.95 |
| JALANDHAR | 54151 | 324.91 | 34938 | 209.63 | 19726 | 118.36 | 108815 | 652.89 |
| KAPURTHALA | 21474 | 128.84 | 14369 | 86.21 | 8981 | 53.89 | 44824 | 268.94 |
| LUDHIANA | 93088 | 558.53 | 44543 | 267.26 | 12063 | 72.38 | 149694 | 898.16 |

| District | All Girls | | SC Boys | | BPL Boys | | TOTAL | |
|---|---|---|---|---|---|---|---|---|
| | Physical | Financial | Physical | Financial | Physical | Financial | Physical | Financial |
| MALERKOTLA | 9951 | 59.71 | 4775 | 28.65 | 235 | 1.41 | 14961 | 89.77 |
| MANSA | 26956 | 161.74 | 18762 | 112.57 | 604 | 3.62 | 46322 | 277.93 |
| MOGA | 32137 | 192.82 | 27267 | 163.60 | 6090 | 36.54 | 65494 | 392.96 |
| MOHALI | 35550 | 213.30 | 12316 | 73.90 | 1750 | 10.50 | 49616 | 297.70 |
| MUKTSAR | 34574 | 207.44 | 28785 | 172.71 | 3117 | 18.70 | 66476 | 398.86 |
| NAWANSHAHR | 17830 | 106.98 | 10846 | 65.08 | 842 | 5.05 | 29518 | 177.11 |
| PATHANKOT | 15657 | 93.94 | 9149 | 54.89 | 3996 | 23.98 | 28802 | 172.81 |
| PATIALA | 57104 | 342.62 | 30144 | 180.86 | 14502 | 87.01 | 101750 | 610.50 |
| RUPNAGAR | 20103 | 120.62 | 9381 | 56.29 | 660 | 3.96 | 30144 | 180.86 |
| SANGRUR | 35204 | 211.22 | 23908 | 143.45 | 1422 | 8.53 | 60534 | 363.20 |
| TARAN TARAN | 41538 | 249.23 | 33456 | 200.74 | 11567 | 69.40 | 86561 | 519.37 |
| TOTAL | **839192** | **5035.15** | **546359** | **3278.15** | **159379** | **956.27** | **1544930** | **9269.58** |

4.0 ਸਕੂਲੀ ਵਿਦਿਆਰਥੀਆਂ ਨੂੰ ਵਰਦੀ SMC ਪੱਧਰ ਤੇ ਮੁਹੱਈਆਂ ਕੀਤੀ ਜਾਣੀ ਹੈ। ਵਰਦੀਆਂ ਲਈ ਬਣਦੀ ਰਾਸ਼ੀ ਸਮੂਹ ਜ਼ਿਲ੍ਹਿਆਂ ਨੂੰ ਜਾਰੀ ਕੀਤੀ ਜਾ ਚੁੱਕੀ ਹੈ। ਸਮੂਹ ਸਕੂਲ ਮੈਨੇਜਮੈਂਟ ਕਮੇਟੀਆਂ ਵੱਲੋਂ ਆਪਣੇ ਸਕੂਲੀ ਵਿਦਿਆਰਥੀਆਂ ਲਈ ਹੇਠ ਦਿੱਤੀਆਂ specifications ਅਨੁਸਾਰ ਵਰਦੀਆਂ ਦੀ ਖ੍ਰੀਦ ਕੀਤੀ ਜਾਵੇ:-

| ਲੜੀ ਨੰ | ਲੜਕਿਆਂ ਲਈ | | ਲੜਕੀਆਂ ਲਈ | | ਵਿਸ਼ੇਸ਼ ਕਥਨ |
|---|---|---|---|---|---|
| | **Name of Items** | **No. of Items** | **Name of Items** | **No. of Items** | |
| 1. | ਕਮੀਜ਼ ਅਤੇ ਪੈਂਟ, ਸਿੱਖ ਲੜਕਿਆਂ ਲਈ ਪਟਕਾ ਅਤੇ ਬਾਕੀ ਲੜਕਿਆਂ ਲਈ ਗਰਮ ਟੋਪੀ | 1 ਜੋੜਾ | • ਪ੍ਰਾਇਮਰੀ ਕਲਾਸਾਂ ਲਈ ਪੈਂਟ/ਸ਼ਰਟ ਜਾਂ ਸੂਟ-ਸਲਵਾਰ/ਦੁਪੱਟਾ<br>• ਅਪਰ-ਪ੍ਰਾਇਮਰੀ ਕਲਾਸਾਂ ਲਈ ਸੂਟ-ਸਲਵਾਰ/ਦੁਪੱਟਾ | 1 ਜੋੜਾ | ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਵਰਦੀ ਦੇ ਰੰਗ ਬਾਰੇ ਫੈਸਲਾ ਸਕੂਲ ਮੈਨੇਜਮੈਂਟ ਕਮੇਟੀ (SMC) ਆਪਣੇ ਪੱਧਰ ਤੇ ਤੈਅ ਕਰੇਗੀ। ਪ੍ਰੰਤੂ ਇਹ ਯਕੀਨੀ ਬਣਾਇਆ ਜਾਵੇ ਪੂਰੇ ਸਕੂਲ ਲਈ ਵਰਦੀ ਵਿੱਚ ਇਕਸਾਰਤਾ ਹੋਵੇ।<br>ਪ੍ਰਾਇਮਰੀ ਕਲਾਸਾਂ ਲਈ ਸਕੂਲ ਮੈਨੇਜਮੈਂਟ ਕਮੇਟੀ (SMC) ਆਪਣੇ ਪੱਧਰ ਤੇ ਤੈਅ ਕਰ ਸਕਦੀ ਹੈ ਕਿ ਲੜਕੀਆਂ ਨੂੰ ਪੈਂਟ-ਸ਼ਰਟ ਦੇਣੀ ਹੈ ਜਾਂ ਸੂਟ-ਸਲਵਾਰ/ਦੁਪੱਟਾ। |
| 2. | ਗਰਮ ਸਵੈਟਰ | 1 | ਗਰਮ ਸਵੈਟਰ | 1 | |
| 3. | ਬੂਟ ਅਤੇ ਜੁਰਾਬਾਂ | 1 ਜੋੜਾ | ਬੂਟ ਅਤੇ ਜੁਰਾਬਾਂ | 1 ਜੋੜਾ | |

*ਵਰਦੀਆਂ ਦੀ ਖ੍ਰੀਦ Bureau of Indian Standards ਦੇ ਮਾਪਦੰਡਾਂ (IS 137717:1993) ਦੇ ਸਨਮੁੱਖ ਹੀ ਕੀਤੀ ਜਾਵੇ। ਇਹ ਮਾਪਦੰਡ Bureau of Indian Standards ਦੀ ਵੈਬਸਾਈਟ ਤੇ ਦੇਖੇ ਜਾ ਸਕਦੇ ਹਨ।

5.0 ਜੇਕਰ SMC ਮੈਂਬਰ ਉਚਿਤ ਸਮਝਣ ਤਾਂ ਉਨ੍ਹਾਂ ਵੱਲੋਂ ਵਰਦੀਆਂ ਦੀ ਖ੍ਰੀਦ ਸਮੱਗਰਾ ਸਿੱਖਿਆ ਦੇ ਨਿਯਮਾਂ ਅਨੁਸਾਰ ਆਪਣੇ ਜ਼ਿਲ੍ਹੇ ਦੇ ਯੋਗ Self Helf Groups (SHGs) ਤੋਂ ਕਰ ਸਕਦੇ ਹਨ।

6.0 ਕਿਸੇ ਵੀ ਸੂਰਤ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਦੀ SMC ਦੇ ਕੰਮ ਵਿੱਚ interference ਨਹੀਂ ਹੋਣੀ ਚਾਹੀਦੀ। ਜੇਕਰ ਕਿਸੇ ਤਰ੍ਹਾਂ ਦੀ interference ਪਾਈ ਗਈ ਤਾਂ ਇਸਨੂੰ ਨਿਯਮਾਂ ਮੁਤਾਬਕ misconduct ਮੰਨਿਆ ਜਾਵੇਗਾ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ SMC ਵਲੋਂ ਕੇਵਲ ਸਮੱਗਰ ਸਿੱਖਿਆ ਦੇ ਨਿਯਮਾਂ ਮੁਤਾਬਿਕ ਵਰਦੀਆਂ ਦੀ ਖਰੀਦ ਕੀਤੀ ਜਾਵੇ । ਵਰਦੀਆਂ ਦੀ ਖ੍ਰੀਦ ਸੰਬੰਧੀ ਕੀਤੀ ਗਈ ਸਮੂਹ ਪ੍ਰਕ੍ਰਿਆ ਦਾ ਰਿਕਾਰਡ ਸੰਬੰਧਤ SMC ਦੇ ਮਤਾ ਰਜਿਸਟਰ ਵਿਚ ਦਰਜ ਕੀਤਾ ਜਾਵੇ। "Manual of Financial Management & Procurement for the scheme of Samagra Shiksha" ਦੀ ਕਾਪੀ www.ssapunjab.org ਵੈਬਸਾਈਟ ਤੇ ਵੇਖੀ ਜਾ ਸਕਦੀ ਹੈ।

7.0 ਯਕੀਨੀ ਬਣਾਇਆ ਜਾਵੇ ਕਿ ਹਰੇਕ ਬੱਚੇ ਨੂੰ ਉਸਦੇ ਨਾਪ (ਸਾਈਜ਼) ਮੁਤਾਬਿਕ ਹੀ ਸਿਲਾਈ ਕੀਤੀ ਹੋਈ ਵਰਦੀ ਦਿੱਤੀ ਜਾਵੇ।

8.0 ਖਰੀਦੀਆਂ ਗਈਆਂ ਸਮੂਹ ਵਰਦੀਆਂ ਦੀ ਸਟਾਕ ਐਂਟਰੀ ਸਬੰਧਤ ਸਕੂਲ ਮੁੱਖੀ ਵੱਲੋਂ ਸਟਾਕ ਰਜਿਸਟਰ ਵਿਚ ਕਰਨੀ ਜਰੂਰੀ ਹੋਵੇਗੀ ਅਤੇ ਇਸ ਉਪਰੰਤ ਹੀ ਵਿਦਿਆਰਥੀਆਂ ਨੂੰ ਵਰਦੀਆਂ ਦਿੱਤੀਆਂ ਜਾਣ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰੇਕ ਲਾਭਪਾਤਰੀ ਨੂੰ ਵਰਦੀ ਮੁਹੱਈਆ ਕਰਨ ਤੋਂ ਪਹਿਲਾ ਉਸਦੇ ਮਾਤਾ-ਪਿਤਾ/ਸਰਪ੍ਰਸਤ ਦੇ ਹਸਤਾਖਰ ਸਟਾਕ ਰਜਿਸਟਰ ਵਿਚ ਕਰਵਾਏ ਜਾਣ।

9.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਹਾਲਾਤ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਕਿਸੇ ਵੀ ਸਕੂਲ ਦੀ SMC ਕਮੇਟੀ ਨੂੰ ਕਿਸੇ ਵਿਸ਼ੇਸ਼ ਦੁਕਾਨ ਤੋਂ ਵਿਦਿਆਰਥੀਆਂ ਦੀਆਂ ਵਰਦੀਆਂ ਖਰੀਦਣ ਲਈ ਲਿਖਤੀ ਜਾਂ ਜੁਬਾਨੀ ਨਿਰਦੇਸ਼ ਨਹੀਂ ਦਿੱਤੇ ਜਾਣਗੇ। ਵਰਦੀਆਂ ਦਾ ਸਾਰਾ ਖਰਚਾ ਨਿਯਮਾਂ ਅਨੁਸਾਰ SMC ਕਮੇਟੀ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇ।

10.0 ਵਰਦੀਆਂ ਦੀ ਖ੍ਰੀਦ ਲਈ ਅਦਾਇਗੀ ਸਬੰਧਤ Vendor ਨੂੰ ਸਿੱਧੇ ਤੌਰ ਤੇ PFMS Portal ਰਾਹੀਂ ਕੀਤੀ ਜਾਵੇ।

11.0 ਵਰਦੀਆਂ ਦੀ ਵੰਡ ਉਪਰੰਤ ਹਰੇਕ ਸਕੂਲ ਮੁਖੀ ਤੋਂ ਇਹ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ ਕਿ ਉਨ੍ਹਾਂ ਦੇ ਸਮੂਹ ਯੋਗ ਵਿਦਿਆਰਥੀਆਂ ਨੂੰ ਸਾਲ 2023-24 ਲਈ ਵਰਦੀ ਮੁਹੱਈਆਂ ਕੀਤੀ ਜਾ ਚੁੱਕੀ ਹੈ।

12.0 ਉਪਰੋਕਤ ਹਦਾਇਤਾਂ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀਆ ਜਾ ਰਹੀਆਂ ਹਨ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਮੱਗਰ ਸਿੱਖਿਆ ਅਭਿਆਨ**
**ਪੰਜਾਬ**